# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਪੀ.ਐਸ.ਈ.ਬੀ. ਕੰਪਲੈਕਸ, ਈ-ਬਲਾਕ, ਪੰਜਵੀਂ ਮੰਜ਼ਿਲ, ਫੇਜ-8, ਅਜੀਤਗੜ੍ਹ (ਪੰਜਾਬ)

---

ਵੱਲ,

1) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ), ਪੰਜਾਬ
2) ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ), ਪੰਜਾਬ
3) ਸਮੂਹ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ, ਪੰਜਾਬ
4) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ
5) ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: ਸਸਅ/ਐਸ.ਟੀ.ਆਰ./ਸਰਵੇ/2013-14/18861
ਮਿਤੀ, ਅਜੀਤਗੜ੍ਹ:13/12/13

**ਵਿਸ਼ਾ: -** **ਸਾਲ 2014-15 ਦੀ ਸਲਾਨਾ ਯੋਜਨਾ ਤਿਆਰ ਕਰਨ ਵਾਸਤੇ ਪੰਜਾਬ ਰਾਜ ਵਿਚ 6-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਦੀ ਸ਼ਿਨਾਖਤ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਉਣ ਸਬੰਧੀ ਦਿਸ਼ਾ ਨਿਰਦੇਸ਼।**

**1.0** ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

**2.0** ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਸਿੱਖਿਆ ਦੇ ਅਧਿਕਾਰ ਐਕਟ 2009 ਤਹਿਤ ਸਰਕਾਰ ਵਲੋਂ ਹਰੇਕ 6 ਤੋਂ 14 ਸਾਲ ਦੀ ਉਮਰ ਗੁੱਟ ਦੇ ਬੱਚੇ ਨੂੰ ਸਕੂਲ ਵਿਚ ਲਿਆਉਣਾ ਤੇ ਉਸ ਨੂੰ ਅੱਠਵੀ ਜਮਾਤ ਤੱਕ ਮੁਫਤ ਸਿੱਖਿਆ ਦੇਣਾ ਲਾਜ਼ਮੀ ਹੈ।

**3.0** ਇਸ ਐਕਟ ਅਧੀਨ ਰਾਜ ਸਰਕਾਰ, ਲੋਕਲ ਅਥਾਰਟੀ ਜਾਂ ਐਸ.ਐਮ. ਸੀ ਅਤੇ ਸੰਸਥਾ (ਸਕੂਲ) ਦੇ ਮੁੱਖੀ ਦੀ ਡਿਊਟੀ ਹੈ ਕਿ ਉਹਨਾਂ ਦੇ ਖੇਤਰ ਵਿਚ ਕੋਈ ਵੀ 6 ਤੋਂ 14 ਸਾਲ ਦਾ ਬੱਚਾ ਸਕੂਲ ਤੋਂ ਬਾਹਰ ਨਾ ਰਹੇ। ਇਸੇ ਸੰਦਰ**ਭ** ਵਿਚ ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵਲੋਂ ਸਕੂਲੋਂ ਵਿਰਵੇਂ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਨ ਲਈ ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾ ਕੇ ਇੱਕ ਵਿਸ਼ੇਸ਼ ਮੁਹਿਮ ਚਲਾਈ ਜਾਣੀ ਹੈ ਜਿਸ ਤਹਿਤ ਹਰੇਕ ਖੇਤਰ ਦੇ ਪਿੰਡ/ਵਾਰਡ ਵਿਚਲੇ ਜਾਂ ਇਹਨਾਂ ਦੇ ਆਲੇ ਦੁਆਲੇ ਦੀ ਢਾਣੀਆਂ, ਭੱਠਿਆਂ, ਰੇਲਵੇ ਸਟੇਸ਼ਨਾਂ, ਨਵੀਆਂ ਉਸਾਰੀਆਂ ਵਿਚ ਕੰਮ ਕਰਦੇ, ਪ੍ਰਵਾਸੀ ਅਤੇ ਝੁੱਗੀ ਝੋਪੜੀਆਂ ਵਿਚ ਰਹਿੰਦੇ ਸਕੂਲੋ ਵਿਰਵੇਂ ਬੱਚਿਆਂ ਦਾ ਵੇਰਵੇਂ ਇੱਕਤਰ ਕੀਤੇ ਜਾਣਗੇ।

**4.0** ਇਹ ਸਰਵੇਖਣ ਪੰਜਾਬ ਰਾਜ ਦੇ ਹਰੇਕ ਖੇਤਰ ਵਿਚ ਪੈਂਦੇ ਸ.ਪ੍ਰ.ਸ/ਸ.ਅ.ਸ ਦੇ ਸਕੂਲ ਮੁੱਖੀ/ਸਕੂਲ ਅਧਿਆਪਕ ਵਲੋਂ ਦਸੰਬਰ ਮਹੀਨੇ ਵਿਚ ਕਰਵਾਇਆ ਜਾਵੇਗਾ।

5.0 ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸਮੂਹ ਸੂਚਨਾ ਲਾਜ਼ਮੀ ਤਾਲੀਮ ਰਜਿਸਟਰ ਅਤੇ ਪੇਂਡੂ ਸਿੱਖਿਆ ਰਜਿਸਟਰ/ਵਾਰਡ ਸਿੱਖਿਆ ਰਜਿਸਟਰ ਵਿਚ ਇੰਦਰਾਜ ਕੀਤਾ ਜਾਵੇ ਤਾਂ

ਕਿ ਇਹਨਾਂ ਰਜਿਸਟਰਾਂ ਵਿਚ ਇੰਦਰਾਜ ਕੀਤੇ ਗਏ ਬੱਚਿਆਂ ਦੀ ਵੈਰੀਫੀਕੇਸ਼ਨ ਸਮੇਂ-ਸਮੇਂ ਸਿਰ ਕੀਤੀ ਜਾ ਸਕੇ।

6.0 ਘਰੋਂ-ਘਰੀ ਸਿੱਖਿਆ ਸਰਵੇਖਣ ਕਰਵਾਉਣ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

**I. ਸਰਵੇਖਣ ਕਰਤਾ/ਸਕੂਲ ਅਧਿਆਪਕ ਲਈ ਦਿਸ਼ਾ ਨਿਰਦੇਸ਼: -**

1) ਹਰੇਕ ਸ.ਪ੍ਰ.ਸ/ਸ.ਐ.ਸ ਦੇ ਸਬੰਧਤ ਅਧਿਆਪਕ/ਸਰਵੇਖਣ ਕਰਤਾ ਵਲੋਂ ਇਹ ਸਪੈਸ਼ਲ ਸਰਵੇਖਣ ਉਸੇ ਪਿੰਡ/ਵਾਰਡ ਵਿਚ ਕੀਤਾ ਜਾਵੇਗਾ ਜਿਥੇ ਉਹ ਤਾਇਨਾਤ ਹਨ।

2) ਇਸ ਸਰਵੇਖਣ ਵਿਚ 6 ਤੋਂ 14 ਸਾਲ ਤੱਕ ਦੇ ਸਕੂਲੋਂ ਵਿਰਵੇ ਬੱਚਿਆਂ ਨੂੰ ਸ਼ਾਮਲ ਕੀਤਾ ਜਾਵੇਗਾ ਖਾਸ ਕਰਕੇ ਉਹ ਬੱਚੇ ਜਿਹੜੇ ਕਿ ਖੇਤਾਂ ਵਿਚਲੇ ਘਰ, ਭੱਠਿਆਂ, ਰੇਲਵੇ ਸਟੇਸ਼ਨਾਂ, ਝੁੱਗੀ ਝੌਂਪੜੀਆਂ ਆਦਿ ਵਿਚ ਰਹਿੰਦੇ ਹਨ ਜਾਂ ਨਵੀਆਂ ਉਸਾਰੀਆਂ ਵਾਲੀਆਂ ਥਾਵਾਂ ਤੇ ਅਤੇ ਜਾਂ ਘਰਾਂ 'ਚ ਕੰਮ ਕਰਦੇ ਹਨ।ਇਸ ਦੇ ਨਾਲ ਹੀ ਪਿੰਡ/ਇਲਾਕੇ ਦੇ ਸਕੂਲੋ ਵਿਰਵੇ ਬਾਕੀ ਬੱਚਿਆਂ ਨੂੰ ਸਰਵੇ ਵਿੱਚ ਸ਼ਾਮਿਲ ਕੀਤਾ ਜਾਵੇਗਾ।

3) ਸਰਵੇਖਣ ਦੌਰਾਨ ਕੇਵਲ ਉਹੀ ਬੱਚਾ ਸਕੂਲੋਂ ਵਿਰਵਾ ਮੰਨਿਆ ਜਾਵੇ ਜੋ ਕਿ ਕਦੇ ਵੀ ਕਿਸੇ ਵੀ ਸਕੂਲ ਵਿਚ ਦਾਖਲ ਨਾ ਹੋਇਆ ਹੋਵੇ ਭਾਵ Never enrolled ਹੋਵੇ ਜਾਂ ਫਿਰ ਸਕੂਲ ਦੀ ਪੜ੍ਹਾਈ ਅੱਧ ਵਿਚਕਾਰ ਛੱਡ ਗਿਆ ਹੋਵੇ ਭਾਵ Drop-out ਹੋਵੇ।

4) ਸਰਵੇਖਣ ਦੌਰਾਨ ਜੇਕਰ ਕੋਈ ਵੀ ਸਕੂਲੋਂ ਵਿਰਵਾ ਬੱਚਾ ਅੰਗਹੀਣ (Disabled) ਪਾਇਆ ਜਾਂਦਾ ਹੈ ਤਾਂ ਉਸਦੇ ਅੰਗਹੀਣ ਹੋਣ ਦਾ ਮੁੱਖ ਕਾਰਨ ਜਰੂਰ ਨੋਟ ਕੀਤਾ ਜਾਵੇ।

5) ਸਰਵੇਖਣ ਦੌਰਾਨ ਲੋੜ ਪੈਣ ਤੇ ਸਕੂਲ ਮੈਨਜ਼ਮੈਂਟ ਕਮੇਟੀ (SMC) ਦੇ ਮੈਬਰਾਂ ਦੀ ਵੀ ਮੱਦਦ ਲਈ ਜਾ ਸਕਦੀ ਹੈ।

6) ਸਰਵੇਖਣ ਸਬੰਧੀ ਸਮੂਹ ਕੰਮ-ਕਾਜ ਮਿਤੀ: 16/12/2013 ਤੋਂ 26/12/2013 ਤੱਕ ਮੁਕੰਮਲ ਕੀਤਾ ਜਾਵੇ।

7) ਇਹ ਸਰਵੇਖਣ ਸਕੂਲ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿਚ ਸਕੂਲ ਮੁੱਖੀ ਦੀ ਦੇਖ-ਰੇਖ ਹੇਠ ਕੀਤਾ ਜਾਵੇਗਾ।

**II. ਸਕੂਲ ਮੁੱਖੀ ਲਈ ਦਿਸ਼ਾ ਨਿਰਦੇਸ਼:-**

1) ਸਮੁੱਚਾ ਸਰਵੇਖਣ ਸਬੰਧਤ ਸ.ਪ੍ਰ.ਸ/ਸ.ਐ.ਸ ਦੇ ਸਕੂਲ ਮੁੱਖੀ ਦੀ ਦੇਖ ਰੇਖ ਹੇਠ ਹੋਵੇਗਾ।

2) ਸਬੰਧਤ ਸਕੂਲ ਮੁੱਖੀ ਵਲੋਂ ਸਬੰਧਤ ਅਧਿਆਪਕ/ਸਰਵੇਖਣ ਕਰਤਾ ਨੂੰ ਸਰਵੇਖਣ ਕਰਨ ਲਈ ਨਿਰਧਾਰਤ ਸਰਵੇਖਣ ਫਾਰਮ ਸਬੰਧਤ ਬੀ.ਆਰ.ਪੀ/ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਤੋਂ ਉਪਲਬਧ ਕਰਵਾ ਕੇ ਦੇਵੇਗਾ ਅਤੇ ਸਮੇਂ-ਸਮੇਂ ਤੇ ਸਬੰਧਤ ਅਧਿਆਪਕ/ਸਰਵੇਖਣ ਕਰਤਾ ਨੂੰ ਸਰਵੇਖਣ ਵਿਧੀ ਸਬੰਧੀ ਲੋੜੀਂਦੇ ਦਿਸ਼ਾ ਨਿਰਦੇਸ਼ ਵੀ ਮੁਹੱਈਆ ਕਰਵਾਏਗਾ।

3) ਸਬੰਧਤ ਸਕੂਲ ਮੁੱਖੀ ਸਬੰਧਤ ਸਰਵੇਖਣ ਕਰਤਾ/ਅਧਿਆਪਕ ਪਾਸੋਂ ਸਮੁੱਚੀ ਸਰਵੇਖਣ ਰਿਪੋਰਟ ਪ੍ਰਾਪਤ ਕਰਕੇ ਇਸ ਰਿਪੋਰਟ ਵਿਚ ਸ਼ਾਮਲ ਕੀਤੇ ਗਏ ਸਮੂਹ ਸਕੂਲੋਂ ਵਿਰਵੇ ਬੱਚਿਆਂ ਦਾ ਰਿਕਾਰਡ ਲਾਜ਼ਮੀ/ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿਚ ਮਿਤੀ 02/01/2014 ਤੱਕ ਹਰ ਹਾਲਤ ਵਿਚ ਇੰਦਰਾਜ ਕਰੇਗਾ।

4) ਲਾਜ਼ਮੀ ਤਾਲੀਮ ਅਤੇ ਪੇਂਡੂ ਸਿੱਖਿਆ ਰਜਿਸਟਰ ਵਿਚ ਨਵੇਂ ਲੱਭੇ/ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦਾ ਵਰਤਮਾਨ ਸਟੇਟਸ ਵੀ ਰਜਿਸਟਰਾਂ ਵਿਚ ਇੰਦਰਾਜ ਕਰਨਾ ਹਰ ਸਕੂਲ ਮੁੱਖੀ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

5) ਜੇਕਰ ਕਿਸੇ ਵੀ ਸਕੂਲੋਂ ਵਿਰਵਾ ਬੱਚੇ ਦਾ ਡਾਟਾ ਪੇਂਡੂ/ਵਾਰਡ ਸਿੱਖਿਆ ਰਜਿਸਟਰ ਵਿਚ ਇੰਦਰਾਜ ਹੋਏ ਬਿਨ੍ਹਾ ਰਹਿ ਜਾਂਦਾ ਹੈ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

6) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਂਪਲ ਚੈਕਿੰਗ ਕੱਲਸਟਰ ਪੱਧਰ ਤੇ ਸਬੰਧਤ ਸੈਂਟਰ ਹੈਡ ਟੀਚਰ ਵਲੋਂ ਮਿਤੀ 05/01/2014 ਤੱਕ ਕੀਤੀ ਜਾਵੇਗੀ।

7) ਸਰਵੇਖਣ ਦੀ 10% ਸੈਂਪਲ ਚੈਕਿੰਗ ਹੋਣ ਤੋਂ ਬਾਅਦ ਸਬੰਧਤ ਸਕੂਲ ਮੁੱਖੀ ਉਹਨਾਂ ਦੇ ਖੇਤਰ ਵਿਚ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਸਮੂਹ ਸੂਚਨਾ ਇੱਕਤਰ ਕਰਕੇ ਆਪਣੇ ਬੀ.ਪੀ.ਈ.ਓ ਦਫ਼ਤਰ ਵਿਚ ਲੈਕੇ ਜਾਣਗੇ ਅਤੇ ਇਸ ਦਫ਼ਤਰ ਦੇ ਸਬੰਧਤ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਦੀਆਂ ਸੇਵਾਵਾਂ ਲੈ ਕੇ ਸਰਵੇਖਣ ਦੌਰਾਨ ਸ਼ਨਾਖਤ ਕੀਤੇ ਗਏ ਬੱਚਿਆਂ ਦੀ ਆਨ-ਲਾਈਨ (On-line) ਐਂਟਰੀ ਕਰਵਾਉਣਗੇ। ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਮਿਤੀ 05/01/2014 ਤੋਂ ਮਿਤੀ 12/01/2014 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

8) **ਹਰੇਕ ਸਕੂਲ ਮੁੱਖੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਸਬੰਧਤ ਵਾਰਡ/ਪਿੰਡ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਸਕੂਲੋਂ ਵਿਰਵਾ ਬੱਚਾ ਸਰਵੇ ਵਿੱਚ ਕਵਰ ਕਰਨ ਤੋ ਨਹੀ ਰਿਹਾ।**

**III. ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਲਈ ਦਿਸ਼ਾ ਨਿਰਦੇਸ਼:-**

1) ਸਬੰਧਤ ਸਕੂਲ ਮੁੱਖੀਆਂ ਵੱਲੋਂ ਬੀ.ਪੀ.ਈ.ਓ ਦਫ਼ਤਰ ਵਿਖੇ ਇੱਕਤਰ ਕਰਕੇ ਲਿਆਂਦੀ ਗਈ ਸਕੂਲੋਂ ਵਿਰਵੇ ਬੱਚਿਆਂ ਦੀ ਸੂਚਨਾ ਅਨੁਸਾਰ ਸਮੂਹ ਬੱਚਿਆਂ ਦੀ ਆਨ-ਲਾਇਨ ਐਂਟਰੀ ਕਰਵਾਉਣ ਦੀ ਪੂਰੀ ਜਿੰਮੇਵਾਰੀ ਸਬੰਧਤ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਦੀ ਹੋਵੇਗੀ।

2) ਇਹ ਆਨ-ਲਾਇਨ ਐਂਟਰੀ ਸਬੰਧਤ ਬੀ.ਪੀ.ਈ.ਓ ਵਲੋਂ ਆਪਣੇ ਦਫ਼ਤਰ ਤੇ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਤੋ ਕਰਵਾਈ ਜਾਵੇਗੀ।

3) ਬੀ.ਪੀ.ਈ.ਓ ਦਫ਼ਤਰ ਦੇ ਡਾਟਾ ਐਂਟਰੀ ਆਪਰੇਟਰ ਕਮ ਆਫਿਸ ਅਸਿਸਟੈਂਟ ਨੂੰ ਮੁੱਖ ਦਫ਼ਤਰ ਵਲੋਂ ਤਿਆਰ ਕੀਤੇ ਗਏ ਸਾਫਟਵੇਅਰ ਵਿਚ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਇਨ ਐਂਟਰੀ ਦੀ ਟ੍ਰੇਨਿੰਗ ਸਬੰਧਤ ਜ਼ਿਲ੍ਹਾ ਐਮ.ਆਈ.ਐਸ ਕੋਆਰਡੀਨੇਟਰ ਅਤੇ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਵਲੋਂ ਦਿੱਤੀ ਜਾਵੇਗੀ। ਹਰੇਕ ਜ਼ਿਲ੍ਹੇ ਦੇ ਹਰੇਕ ਬਲਾਕ ਦੇ ਬੀ.ਪੀ.ਈ.ਓ ਦਫ਼ਤਰ ਨੂੰ ਅਲੱਗ-ਅਲੱਗ Login-ID ਅਤੇ Password ਦਿੱਤਾ ਜਾਵੇਗਾ।

4) ਸਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ ਆਨ-ਲਾਈਨ ਐਂਟਰੀ ਦਾ ਕੰਮ ਸਬੰਧਤ ਬੀ.ਪੀ.ਈ.ਓ ਦਫ਼ਤਰ ਵਿਖੇ ਮਿਤੀ 05/01/2014 ਤੋਂ ਮਿਤੀ 12/01/2014 ਤੱਕ ਹਰ ਹਾਲਤ ਵਿਚ ਮੁਕੰਮਲ ਕੀਤਾ ਜਾਵੇਗਾ।

5) ਸ਼ਨਾਖਤ ਕੀਤੇ ਬੱਚਿਆ ਦੀ ਸਾਫਟਵੇਅਰ ਵਿਚ ਸਹੀ ਆਨ-ਲਾਇਨ ਐਂਟਰੀ ਕਰਵਾਉਣਾ ਅਤੇ ਪੂਰੇ ਆਨ-ਲਾਇਨ ਡਾਟੇ ਦੀ ਪੜਚੋਲ ਕਰਨ ਦੀ ਨਿਰੋਲ ਜਿੰਮੇਵਾਰੀ ਸਬੰਧਤ ਬੀ.ਪੀ.ਈ.ਓ ਦੀ ਹੋਵੇਗੀ।

6) ਸਰਵੇਖਣ ਦੌਰਾਨ ਸਬੰਧਤ ਬਲਾਕ ਵਿਚ ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦੀ 10% ਸੈਂਪਲ ਚੈਕਿੰਗ ਸਬੰਧਤ ਬੀ.ਆਰ.ਪੀ ਜਾਂ ਫਿਰ ਸਬੰਧਤ ਬੀ.ਪੀ.ਈ.ਓ ਵਲੋਂ ਮਿਤੀ 12/01/2014 ਤੱਕ ਹਰ ਹਾਲਤ ਵਿਚ ਕਰ ਲਈ ਜਾਵੇ।

7) **ਹਰੇਕ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੇ ਦਫ਼ਤਰ ਨੂੰ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਬਲਾਕ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਬੱਚਾ ਸਕੂਲੋਂ ਵਿਰਵਾ ਨਹੀਂ ਹੈ।**

## IV. ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ) ਲਈ ਦਿਸ਼ਾ ਨਿਰਦੇਸ਼:-

1) ਇਸ ਸਪੈਸ਼ਲ ਸਰਵੇਖਣ ਲਈ ਹਰੇਕ ਪਿੰਡ/ਵਾਰਡ ਵਿਚ 100 ਤੱਕ ਦੀ ਗਿਣਤੀ ਵਾਲੇ ਪਰਿਵਾਰਾਂ ਲਈ ਇੱਕ ਅਧਿਆਪਕ ਅਤੇ ਇਸ ਤੋਂ ਵੱਧ ਗਿਣਤੀ ਵਾਲੇ ਪਰਿਵਾਰਾਂ ਵਾਲੇ ਪਿੰਡਾਂ/ਵਾਰਡਾਂ ਵਿਚ ਸਰੇਵਖਣ ਕਰਵਾਉਣ ਲਈ ਲੋੜ ਅਨੁਸਾਰ ਅਧਿਆਪਕ ਤਾਇਨਾਤ ਕਰਨ ਦੀ ਨਿਰੋਲ ਜਿੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)/(ਸੈ.ਸਿ) ਦੀ ਹੋਵੇਗੀ।

2) ਜੇਕਰ ਕਿਸੇ ਵਾਰਡ/ਪਿੰਡ ਵਿਚ ਸਕੂਲ ਨਹੀਂ ਹੈ ਤਾਂ ਨਾਲ ਲਗਦੇ ਵਾਰਡ/ਪਿੰਡ ਦੇ ਅਧਿਆਪਕ ਤੋਂ ਸਰਵੇਖਣ ਕਰਵਾਉਣ ਦੀ ਜਿੰਮੇਵਾਰੀ ਵੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)/(ਸੈ.ਸਿ) ਦੀ ਹੋਵੇਗੀ।

3) ਜੇਕਰ ਕੋਈ ਵੀ ਸ.ਪ੍ਰ.ਸ/ਸ.ਐ.ਸ ਕਿਸੇ ਵੀ ਵਾਰਡ/ਪਿੰਡ ਤੋਂ ਬਹੁਤ ਜ਼ਿਆਦਾ ਦੂਰੀ ਤੇ ਹਨ ਤਾਂ ਉਸ ਵਾਰਡ/ਪਿੰਡ ਵਿਚ ਸਰਵੇਖਣ ਕਰਵਾਉਣ ਲਈ ਸਬੰਧਤ ਸ.ਸ.ਸ.ਸ ਦੇ ਅਧਿਆਪਕ ਨੂੰ ਤਾਇਨਾਤ ਕਰਨ ਦੀ ਜਿੰਮੇਵਾਰੀ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ) ਦੀ ਹੋਵੇਗੀ।

4) ਸਕੂਲੋਂ ਵਿਰਵੇ ਬੱਚਿਆਂ ਦੀ ਸ਼ਨਾਖਤ ਲਈ ਸਰਵੇਖਣ ਦਾ ਕੰਮ ਠੀਕ ਰੂਪ ਵਿਚ ਅਤੇ ਵੇਲੇ ਸਿਰ ਕਰਵਾਉਣ ਦੀ ਸਾਰੀ ਜੁੰਮੇਵਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

5) **ਸਰਵੇਖਣ ਫਾਰਮੈਟਜ਼ ਅਤੇ ਸਮਰੀ ਫਾਰਮੈਟਜ਼ ਦੇ ਨਮੂਨੇ ਸਰਵ ਸਿੱਖਿਆ ਅਭਿਆਨ ਦੀ ਮੁੱਖ ਵੈਬਸਾਇਟ ਅਤੇ ਸਪੈਸ਼ਲ ਟ੍ਰੇਨਿੰਗ ਕੰਪੋਨੈਂਟ ਦੇ ਨੋਟਿਸ ਬੋਰਡ ਤੇ ਉਪਲਬਧ ਹੋਣਗੇ ਅਤੇ ਇਹ ਫਾਰਮੈਟਜ਼ ਇਸ ਕੰਪੋਨੈਂਟ ਦੀ ਈ-ਮੇਲ ਰਾਹੀਂ ਵੀ ਭੇਜੇ ਜਾਣਗੇ। ਸਮੂਹ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਇਹ ਫਾਰਮੈਟਜ਼ ਸਬੰਧਤ ਅਧਿਆਪਕਾਂ/ਸਰਵੇਖਣ ਕਰਤਾ ਨੂੰ ਉਪਲਬਧ ਕਰਵਾਉਣਾ ਯਕੀਨੀ ਬਣਾਉਣਗੇ। ਇਸ ਤੇ ਆਉਣ ਵਾਲਾ ਸਮੂਹ ਖਰਚਾ ਸਪੈਸ਼ਲ ਟ੍ਰੇਨਿੰਗ ਮੱਦ ਵਿਚੋਂ ਕੀਤਾ ਜਾਵੇਗਾ।**

6) ਹਰੇਕ ਜ਼ਿਲ੍ਹੇ ਦੇ ਸਮੂਚੇ ਪਿੰਡਾਂ/ਵਾਰਡਾਂ ਵਿਚ ਸਰਵੇਖਣ ਕਰਵਾਉਣ ਦਾ ਕੰਮ ਮਿਤੀ 16/12/2013 ਤੋਂ ਸ਼ੁਰੂ ਕਰਕੇ ਮਿਤੀ 26/12/2013 ਤੱਕ ਸਮਾਪਤ ਕੀਤਾ ਜਾਵੇਗਾ।

7) ਸਰਵੇਖਣ ਦੌਰਾਨ ਲੱਭੇ ਗਏ ਬੱਚਿਆਂ ਦੀ 10% ਸੈਪਲ ਚੈਕਿੰਗ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਅਤੇ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਵਲੋਂ ਮਿਤੀ 18/01/2014 ਤੱਕ ਹਰ ਹਾਲਤ ਵਿਚ ਕਰ ਲਈ ਜਾਵੇ।

8) ਸ਼ਨਾਖਤ ਕੀਤੇ ਗਏ ਸਕੂਲੋਂ ਵਿਰਵੇ ਬੱਚਿਆਂ ਦਾ ਬਲਾਕ ਵਾਈਜ਼ ਆਨ-ਲਾਇਨ ਡਾਟਾ ਸਬੰਧਤ ਬਲਾਕ ਤੋਂ ਕੰਪਿਊਟਰ ਦੀ ਆਨ-ਲਾਇਨ ਵਿੱਧੀ ਰਾਹੀਂ ਸਬੰਧਤ ਜ਼ਿਲ੍ਹੇ ਦੇ ਐਮ.ਆਈ.ਐਸ ਕੋਆਰਡੀਨੇਟਰ ਜਾਂ ਫਿਰ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ ਨੂੰ ਪੁੱਜਦਾ ਕੀਤਾ ਜਾਵੇਗਾ ਅਤੇ ਇਸ ਉਪਰੰਤ ਇਸੇ ਆਨ-ਲਾਇਨ ਵਿੱਧੀ ਰਾਹੀਂ ਸਮੂਹ ਜ਼ਿਲ੍ਹਿਆਂ ਵਿਚ ਸ਼ਨਾਖਤ ਕੀਤੇ ਗਏ ਸਮੂਹ ਸਕੂਲੋਂ ਵਿਰਵੇ ਬੱਚਿਆ ਦਾ ਡਾਟਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਵਲੋਂ ਮੁੱਖ ਦਫ਼ਤਰ ਨੂੰ ਪੁੱਜਦਾ ਕੀਤਾ ਜਾਵੇਗਾ।

9) **ਹਰੇਕ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਮੁੱਖ ਦਫ਼ਤਰ ਨੂੰ ਮਿਤੀ 22/01/2014 ਤੱਕ ਇਹ ਸਰਟੀਫ਼ਿਕੇਟ ਹਸਤਾਖਰ ਕਰਕੇ ਭੇਜੇਗਾ ਕਿ ਉਸਦੇ ਬਲਾਕ ਵਿਚ 6 ਤੋਂ 14 ਸਾਲ ਦੀ ਉਮਰ ਦਾ ਕੋਈ ਵੀ ਸਕੂਲੋਂ ਵਿਰਵਾ ਬੱਚਾ ਸਰਵੇ ਵਿੱਚ ਆਉਣ ਤੋ ਨਹੀਂ ਰਹਿ ਗਿਆ। (ਇਸ ਸਰਟੀਫਿਕੇਟ ਦਾ ਨਮੂਨਾ ਅਤੇ ਨਿਰਧਾਰਤ ਫਾਰਮੈਟਸ ਨਾਲ ਨੱਥੀ ਕੀਤੇ ਗਏ ਹਨ)। ਇਹ ਫਾਰਮੈਟਸ ਸਬੰਧਿਤ ਅਧਿਕਾਰੀ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਉਪਲਬਧ ਕਰਵਾਓਣਗੇ।**

7.0 ਇਸ ਸਪੈਸ਼ਲ ਸਰਵੇਖਣ ਦੇ ਸਮੂਹ ਰਿਕਾਰਡ ਨੂੰ ਮੇਨਟੇਨ ਕਰਨ ਦੀ ਜ਼ੁੰਮੇਵਾਰੀ ਸਬੰਧਤ ਪਿੰਡ/ਵਾਰਡ ਦੇ ਸੂਕਲ ਮੁੱਖੀ ਦੀ ਹੋਵੇਗੀ ਅਤੇ ਜੇਕਰ ਕਿਸੇ ਪਿੰਡ/ਵਾਰਡ ਵਿਚ ਇੱਕ ਤੋਂ ਵੱਧ ਸਕੂਲ ਪੈਂਦੇ ਹਨ ਤਾਂ ਸਰਵੇਖਣ ਦੇ ਰਿਕਰਡ ਨੂੰ ਮੇਨਟੇਨ ਕਰਨ ਸਬੰਧੀ ਫੈਸਲਾ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵਲੋਂ ਕੀਤਾ ਜਾਵੇਗਾ।

8.0 ਸਪੈਸ਼ਲ ਸਰਵੇਖਣ ਦੀ ਸਮੂਹ ਪ੍ਰਕ੍ਰਿਆ ਨੂੰ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਅਤੇ (ਸੈ.ਸਿ) ਆਪਸ ਵਿਚ ਤਾਲਮੇਲ ਕਰਕੇ ਸਮੇਂ ਸਿਰ ਨੇਪਰੇ ਚਾੜਨਗੇ।

9.0 ਦਿਸ਼ਾ ਨਿਰਦੇਸ਼ਾਂ ਦੀ ਕਾਪੀ ਅਤੇ ਸਰਵੇ ਸਬੰਧੀ ਪ੍ਰੋਫਾਰਮੇ ਸਰਵ ਸਿੱਖਿਆ ਅਭਿਆਨ, ਪੰਜਾਬ ਦੀ ਮੁੱਖ ਵੈਬ ਸਾਈਟ ssapunjab.org ਜਾਂ ਫਿਰ ਸਪੈਸ਼ਲ ਟ੍ਰੇਨਿੰਗ ਕੰਪੋਨੈਂਟ ਦੇ Notice Board ਤੋਂ ਡਾਊਨਲੋਡ ਕਰਕੇ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

10.0 ਉੱਕਤ ਅਨੁਸਾਰ ਦਿਸ਼ਾ ਨਿਰਦੇਸ਼ਾ ਦੀ ਪਾਲਣਾ ਯਕੀਨੀ ਬਣਾਈ ਜਾਵੇ ਜੀ।

ਸਹੀ/-
**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ,ਅਜੀਤਗੜ੍ਹ।**

**ਪਿੱਠ ਅੰਕਣ ਨੰ:** ਸਸਅ/ਐਸ.ਟੀ.ਆਰ./ਸਰਵੇ/2013-14/ਉਕਤ **ਮਿਤੀ,ਅਜੀਤਗੜ੍ਹ:** 13/12/13

ਉਪਰੋਕਤ ਦਾ ਉਤਾਰਾ ਡਾਇਰੈਕਟਰ, ਸਥਾਨਕ ਸਰਕਾਰਾਂ ਅਤੇ ਡਾਇਰੈਕਟਰ, ਪੰਚਾਇਤੀ ਰਾਜ ਸੰਸਥਾਵਾਂ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਵਿਭਾਗ ਅਧੀਨ ਆਉਂਦੇ ਸਕੂਲਾਂ ਵਿਚ ਕੰਮ ਕਰਦੇ ਅਧਿਆਪਕਾਂ ਨੂੰ ਸਪੈਸ਼ਲ ਸਰਵੇਖਣ ਸਬੰਧੀ ਉੱਕਤ ਦਿਸ਼ਾ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਜਾਣ ਜੀ।

ਸਹੀ/-
**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ,ਅਜੀਤਗੜ੍ਹ।**